ਵੱਲੋ

ਵਧੀਕ ਡਿਪਟੀ ਕਮਿਸ਼ਨਰ,
ਅਰਬਨ ਡਿਵੈਲਪਮੈਂਟ
ਅੰਮ੍ਰਿਤਸਰ।

ਵੱਲ

ਕਾਰਜ ਸਾਧਕ ਅਫਸਰ,
ਨਗਰ ਪੰਚਾਇਤ
ਰਾਜਾਸਾਂਸੀ।

ਪੱਤਰ ਨੰ: 7960 ਮਿਤੀ: 29/4/2022

ਵਿਸ਼ਾ: ਨਗਰ ਪੰਚਾਇਤ ਰਾਜਾਸਾਂਸੀ ਦਾ ਬਜੱਟ ਸਾਲ 2022-23 ਸਬੰਧੀ ।

ਪੰਜਾਬ ਮਿਊਂਸਪਲ ਅਕਾਊਂਟ ਕੋਡ 1930 ਦੇ ਰੂਲ 11.8 ਅਧੀਨ ਨਗਰ ਪੰਚਾਇਤ ਰਾਜਾਸਾਂਸੀ ਦਾ ਬਜੱਟ ਅਨੁਮਾਨ ਸਾਲ 2022-23 ਹੇਠ ਦਰਸਾਈਆਂ ਸ਼ਰਤਾਂ ਅਨੁਸਾਰ ਪ੍ਰਵਾਨ ਕੀਤਾ ਜਾਂਦਾ ਹੈ:

(ਰਕਮ ਲੱਖਾਂ ਵਿਚ)

| ਆਮਦਨ | ਵਿਭਾਗ ਦੀ ਪ੍ਰਵਾਨਗੀ |
|---|---|
| ਮਿਤੀ 01/04/2022 ਮੁੱਢਲਾ ਬਕਾਇਆ | 10 ਲੱਖ |
| ਸਾਲ 2022-23 ਲਈ ਆਮਦਨ | 439 ਲੱਖ |
| ਕੁੱਲ | 449 ਲੱਖ |
| ਖਰਚਾ | 439 ਲੱਖ |
| ੳ) ਅਮਲਾ ( )<br>(i) ਕੇਵਲ ਮੌਜੂਦਾ ਪੋਸਟਾਂ ਲਈ<br>(ii) ਪੈਨਸ਼ਨ ਕੰਟਰੀਬਿਊਸ਼ਨ<br>(iii) ਰੀਟਾਇਰਮੈਂਟ ਬੈਨੀਫਿਟ<br>(ਗਰੈਚੂਟੀ ਅਤੇ ਲੀਵ ਇੰਨਕੈਸ਼ਮੈਂਟ)<br>(iv) ਲੰਬਿਤ ਰਿਟਾਇਰਮੈਂਟ ਡਿਊਜ਼ ਦੀ ਅਦਾਇਗੀ | 177 ਲੱਖ |
| ਅ) ਕੰਟੀਜੈਂਸੀ | 24 ਲੱਖ |
| ੲ) ਵਿਕਾਸ ਦੇ ਕੰਮਾਂ ਲਈ | |
| (i) ਕਮਿਟਿੱਡ | 109 ਲੱਖ |
| (ii) ਨਾਨ-ਕਮਿਟਿੱਡ | 129 ਲੱਖ |
| ਕੁੱਲ ਖਰਚਾ (ੳ + ਅ + ੲ) | 439 ਲੱਖ |

Scanned with CamScanner

| | |
|---|---|
| ਮਿਤੀ 31-03-2022 ਲਈ ਅੰਤਿਮ ਬਕਾਇਆ | 10 ਲੱਖ |
| ਕੁੱਲ | 449.00 |

ਉਕਤ ਦਰਸਾਈ ਆਮਦਨ ਅਤੇ ਖਰਚੇ ਦਾ ਵੇਰਵਾ ਹੇਠਾਂ ਅਨੁਸਾਰ ਹੈ:-

**ਆਮਦਨ:** ਇਸ ਮੱਦ ਅਧੀਨ ਸਾਲ 2022-23 ਲਈ ਹੇਠ ਦਰਸਾਏ ਹੈਡਾਂ ਦੀ ਕੁੱਲ ਆਮਦਨ ਰੁਪਏ 439.00 ਲੱਖ ਪ੍ਰਵਾਨ ਕੀਤੀ ਜਾਂਦੀ ਹੈ:-

| ਲੜੀ ਨੰ: | ਹੈਡ ਦਾ ਨਾਮ | ਵਿਭਾਗ ਦੀ ਪ੍ਰਵਾਨਗੀ |
|---|---|---|
| 1। | ਵੈਟ/ਪੀ.ਐਮ.ਐਫ. | 350.00 ਲੱਖ |
| 2। | ਚੂੰਗੀ ਬਿਜ਼ਲੀ ਤੋਂ | 10.00 ਲੱਖ |
| 3। | ਪ੍ਰਾਪਰਟੀ ਟੈਕਸ/ਹਾਊਸ ਟੈਕਸ ਬਕਾਇਆਜਾਤ | 31.00 ਲੱਖ |
| 4। | ਵਾਟਰ ਅਤੇ ਸੀਵਰੇਜ਼ ਰੇਟ | 1.00 ਲੱਖ |
| 5। | ਰੈਂਟ/ਤਹਿਬਜ਼ਾਰੀ/ਵਾਹੀਯੋਗ ਜਮੀਨਾ | 12.00 ਲੱਖ |
| 6। | ਬਿਲਡਿੰਗ ਫੀਸਾਂ ਆਦਿ | 14.00 ਲੱਖ |
| 7। | ਬੱਸ ਅੱਡਾ ਫੀਸ | 0 |
| 8। | ਲਾਇੰਸੈਂਸ | 0 |
| 9। | ਐਡਵਰਟਾਈਜਮੈਂਟ | 0.50 ਲੱਖ |
| 10। | ਮਨੋਰੰਜਨ ਟੈਕਸ/ਕਾਓ ਸੈਸ | 0 |
| 11 | ਪ੍ਰੋਪਰਟੀ ਦੀ ਸੇਲ | 0 |
| 12 | ਹੋਰ ਸਾਧਨਾਂ ਤੋਂ ਆਮਦਨ | 6.50 ਲੱਖ |
| 13 | ਅਡੀਸ਼ਨਲ ਐਕਸਾਈਜ਼ ਡਿਊਟੀ | 14.00 ਲੱਖ |
| | ਜੋੜ | 439.00 ਲੱਖ |

**ਖਰਚਾ:-**

4) **ਅਮਲਾ:** ਇਸ ਮੱਦ ਅਧੀਨ ਸਾਲ 2022-23 ਲਈ ਨਗਰ ਪੰਚਾਇਤ ਰਾਜਾਸਾਂਸੀ 439.00 ਲੱਖ ਰੁਪਏ ਦਾ ਬਜ਼ਟ ਪ੍ਰਵਾਨ ਕੀਤਾ ਗਿਆ ਹੈ, ਜਿਸ ਵਿਚੋ ਮੌਜੂਦਾ ਪੋਸਟਾਂ ਲਈ ਖਰਚਾ 177.00 ਰੁਪਏ ਪ੍ਰਵਾਨ ਕੀਤਾ ਜਾਂਦਾ ਹੈ । ਨਗਰ ਕੌਸਲ ਦੀਆਂ ਖਾਲੀ ਆਸਾਮੀਆਂ ਦਾ ਖਰਚਾ ਅਮਲਾ ਮੱਦ ਵਿਚ ਨਹੀਂ ਦਿੱਤਾ ਗਿਆ । ਕਿਸੇ ਵੀ ਆਸਾਮੀ ਦਾ ਕੇਡਰ ਤਬਦੀਲ ਕਰਨ ਦੀ ਪ੍ਰਵਾਨਗੀ ਨਹੀਂ ਦਿੱਤੀ ਗਈ ਹੈ ਅਤੇ ਨਾ ਹੀ ਕਿਸੇ ਨਵੀਂ ਆਸਾਮੀ ਦੀ ਰਚਨਾ ਕਰਨ ਦੀ ਪ੍ਰਵਾਨਗੀ ਦਿੱਤੀ ਗਈ ਹੈ ।

5) **ਕੰਟੀਜੈਂਸੀ:** ਇਸ ਮੱਦ ਅਧੀਨ ਸਾਲ 2022-23 ਲਈ ਹੇਠ ਦਰਸਾਏ ਹੈਡਾਂ ਸਮੇਤ ਬਾਕੀ ਹੈਡਾਂ ਦਾ ਕੁੱਲ ਖਰਚਾ 24.00 ਲੱਖ ਰੁਪਏ ਪ੍ਰਵਾਨ ਕੀਤਾ ਜਾਂਦਾ ਹੈ :

| ਲੜੀ ਨੰ: | ਹੈਡ ਦਾ ਨਾਮ | ਵਿਭਾਗ ਦੀ ਪ੍ਰਵਾਨਗੀ |
|---|---|---|

Scanned with CamScanner

| | | |
|---|---|---|
| | ਸਟੇਸ਼ਨਰੀ | 2.00 ਲੱਖ |
| 2। | ਬਿਜ਼ਲੀ ਬਿੱਲ | 3.00 ਲੱਖ |
| 3। | ਪੈਟਰੋਲ/ਡੀਜ਼ਲ ਅਤੇ ਵਹੀਕਲ | 11.00 ਲੱਖ |
| 4। | ਵਰਦੀਆਂ/ਓ ਐਂਡ ਐਮ | 0.00 ਲੱਖ |
| 5। | ਟੈਲੀਫੂਨ ਬਿੱਲ | 1.00 ਲੱਖ |
| 6। | ਕੰਪਿਊਟਰ ਲਈ | 3.00 ਲੱਖ |
| 10 | ਹੋਰ ਖਰਚੇ | 4.00 ਲੱਖ |
| | ਜੋੜ | 24.00 ਲੱਖ |

6) <u>ਵਿਕਾਸ:-</u> ਇਸ ਮੱਦ ਅਧੀਨ ਸਾਲ 2022-23 ਲਈ ਹੇਠ ਦਰਸਾਏ ਹੈਡਾਂ ਸਮੇਤ ਬਾਕੀ ਹੈਡਾਂ ਦਾ ਕੁੱਲ ਖਰਚਾ 238.00 ਲੱਖ ਰੁਪਏ ਪ੍ਰਵਾਨ ਕੀਤਾ ਜਾਂਦਾ ਹੈ:-

| ਲੜੀ ਨੰ: | ਹੈਡ ਦਾ ਨਾਮ | ਵਿਭਾਗ ਦੀ ਪ੍ਰਵਾਨਗੀ |
|---|---|---|
| | ਨਾਨ ਕਮਿਟਿੱਡ ਖਰਚਾ | |
| 1. | ਨਿਊ ਰੋਡਜ਼/ ਨਵੀਆਂ ਗਲੀਆਂ/ਨਾਲੀਆਂ | 23.00 ਲੱਖ |
| 2. | ਰਿਪੇਅਰ ਆਫ਼ ਰੋਡਜ਼/ ਪੁਰਾਣੀਆਂ ਗਲੀਆਂ/ਨਾਲੀਆਂ ਦੀ ਰਿਪੇਅਰ | 18.00 ਲੱਖ |
| 5. | ਨਵੀਂ ਵਾਟਰ ਸਪਲਾਈ | 20.00 ਲੱਖ |
| 6. | ਨਵਾਂ ਸੀਵਰੇਜ਼ | 00.00 ਲੱਖ |
| 7. | ਸਲੱਮ | 10.00 ਲੱਖ |
| 8. | ਸਟਰੀਟ ਲਾਈਟ ਦੀ ਦੇਖਭਾਲ | 15.00 ਲੱਖ |
| 9. | ਮਸ਼ੀਨਰੀ ਦੀ ਖਰੀਦ | 04.00 ਲੱਖ |
| 10. | ਸੀ.ਡਬਲਯੂ.ਪੀ | 01.00 ਲੱਖ |
| 11. | ਪਲਾਂਟੇਸ਼ਨ | 08.00 ਲੱਖ |
| 12. | ਸਟਰੇਲਾਈਜੇਸ਼ਨ ਆਫ ਡਾਗਜ਼ | 03.00 ਲੱਖ |
| 13. | ਦਫਤਰ ਦੀ ਉਸਾਰੀ ਤੇ ਖਰਚਾ | 03.00 ਲੱਖ |
| 14. | ਫੁੱਟਕਲ ਕੰਮਾ ਲਈ | 04.00 ਲੱਖ |
| | ਜੋੜ (ੳ) | 109.00 ਲੱਖ |
| | ਕਮਿਟਿੱਡ ਖਰਚਾ | |
| 1. | ਬਿਜ਼ਲੀ ਬਿੱਲ (ਸਟਰੀਟ ਲਾਈਟ) | 25.00 ਲੱਖ |
| 2. | ਬਿਜ਼ਲੀ ਬਿੱਲ (ਟਿਊਬਵੈਲ, ਡਿਸਪੋਜ਼ਲ ਆਦਿ) | 20.00 ਲੱਖ |

Scanned with CamScanner

| | | |
|---|---|---|
| | ਵਾਟਰ ਸਪਲਾਈ ਅਤੇ ਸੀਵਰੇਜ਼ ਦੀ ਦੇਖਭਾਲ | 19.00 ਲੱਖ |
| 4. | ਸੀ.ਵੀ.ਓ ਸੈਲ ਚਾਰਜਿਜ/ਡਾਇਰੈਕਟੋਰੇਟ ਚਾਰਜਿਜ/ਇਲੈਕਸ਼ਨ ਚਾਰਜਿਜ | 03.00 ਲੱਖ |
| 5. | ਸੈਨੀਟੇਸ਼ਨ ਆਨ ਕੰਟਰੇਕਟ | 20.00 ਲੱਖ |
| 6 | ਕਰਜੇ ਦੀ ਅਦਾਇਗੀ | 00.00 ਲੱਖ |
| 7 | ਸੋਲਿਡ ਵੇਸਟ ਮੇਨਜਮੈਂਟ | 32.00 ਲੱਖ |
| 8 | ਫੁੱਟਕਲ ਕੰਮਾ ਲਈ | 10.00 ਲੱਖ |
| | ਜੋੜ (ਅ) | 129.00 ਲੱਖ |
| | ਕੁੱਲ ਜੋੜ (ੳ) + (ਅ) | 238.00 ਲੱਖ |

ਮਿਤੀ 31-03-2022 ਲਈ ਅੰਤਿਮ ਬਕਾਇਆ ਰੁਪਏ 10 ਲੱਖ ਹੈ ।

ਕਾਰਜ ਸਾਧਕ ਅਫ਼ਸਰ ਨੂੰ ਇਹ ਵੀ ਲਿਖਿਆ ਜਾਂਦਾ ਹੈ ਕਿ ਸਾਲ 2022-23 ਲਈ ਨਿਸ਼ਚਿਤ ਕੀਤੀ ਗਈ ਆਮਦਨ ਦੇ ਟੀਚੇ ਨੂੰ ਹਰ ਹਾਲਤ ਵਿਚ ਪ੍ਰਾਪਤ ਕੀਤਾ ਜਾਵੇ ਅਤੇ ਪ੍ਰਵਾਨਤ ਖਰਚੇ ਨੂੰ ਪ੍ਰਾਪਤ ਹੋਣ ਵਾਲੀ ਅਸਲ ਆਮਦਨ ਦੇ ਸਨਮੁੱਖ ਹੀ ਖਰਚ ਕੀਤਾ ਜਾਵੇ ਅਤੇ ਸਾਲ ਦੇ ਅੰਤ ਤੇ ਤਜਵੀਜ਼ਤ ਬਕਾਏ ਨੂੰ ਬਰਕਰਾਰ ਰਖਿਆ ਜਾਵੇ।

<u>ਸ਼ਰਤਾਂ:</u>

11) ਸਰਕਾਰ ਵਲੋਂ ਦਿਤੀਆ ਗਈਆ ਹਦਾਇਤਾ ਅਤੇ ਮਾਨਯੋਗ ਸੁਪਰੀਮ ਕੋਰਟ ਅਤੇ ਹਾਈ ਕੋਰਟ ਵਲੋ ਪਾਸ ਕੀਤੇ ਗਏ ਹੁਕਮ ਜਿਵੇ ਕਿ ਸੋਲਿਡ ਵੇਸਟ ਲਈ ਵਿਕਾਸ ਬਜਟ ਦਾ 10 ਪ੍ਰਤੀਸ਼ਤ ਖਰਚਾ ਇਨਾ ਮੱਦਾ ਲਈ ਰਾਖਵਾ ਰੱਖਿਆ ਗਿਆ ਹੈ।

12) ਕੰਟੀਜੈਸੀ ਦਾ ਖਰਚਾ ਪਿਛਲੇ ਸਾਲ ਦੇ ਖਰਚੇ ਨਾਲੋ 15 ਪ੍ਰਤੀਸ਼ਤ ਘਟਾਉਣ ਦੀ ਕੋਸ਼ਿਸ ਕੀਤੀ ਜਾਵੇ।

13) ਸੰਸਥਾਵਾ ਵਲੋ ਸਥਾਨਕ ਸੰਸਥਾ ਦਾ ਲੇਖਾ ਜੋਖਾ ਡਬਲ ਐਟਰੀ ਸਿਸਟਮ ਦੇ ਅਧਾਰ ਤੇ ਤਿਆਰ ਕੀਤਾ ਜਾਵੇ।

14) ਸਥਾਨਕ ਸੰਸਥਾ ਦੇ ਦਫਤਰ ਵਿਚ ਕੰਪਿਊਟਰਾਈਜੇਸ਼ਨ ਕਰਨ ਲਈ ਬਜਟ ਉਪਬੰਧ ਕੀਤਾ ਗਿਆ ਹੈ।ਕੰਪਿਊਟਰ ਤੇ ਬਜਟ ਮੁਤਾਬਿਕ ਖਰਚਾ ਕੀਤਾ ਜਾਵੇ।

15) ਵੱਖ ਵੱਖ ਸੋਮਿਆ ਤੋ ਆਮਦਨ ਲਈ ਬਕਾਇਆ ਦੀ ਵਸੂਲੀ 12 ਮਹੀਨੇ ਵਿਚ ਵੰਡ ਕੇ ਹਰ ਮਹੀਨੇ ਦਾ ਟਾਰਗੇਟ 10 ਪ੍ਰਤੀਸ਼ਤ ਫਿਕਸ ਕੀਤਾ ਜਾਵੇ।

16) ਕਿਸੇ ਵੀ ਸਥਾਨਕ ਸੰਸਥਾ ਦੇ ਸਬੰਧ ਵਿਚ ਆਡਿਟ ਵਲੋ ਜੋ ਇਤਰਾਜ ਲਗਾਏ ਜਾਂਦੇ ਹਨ ਉਨਾਂ ਦਾ ਉਤੱਰ ਆਡਿਟ ਨੋਟ ਵਿਚ ਦਰਸਾਏ ਅਨੁਸਾਰ ਇਕ ਮਹੀਨੇ ਦੇ ਅੰਦਰ ਅੰਦਰ ਸਾਰੇ ਪੈਰੇ ਨਾਲ ਨਾਲ ਸੈਟਲ ਕਰਵਾਏ ਜਾਣ।

17) ਸਟਾਫ ਦੇ ਡਿਊਜ਼ਜ ਅਤੇ ਵਿਸੇਸ ਕਰਕੇ ਸੇਵਾ ਨਵਿਰਤ ਅਧਿਕਾਰੀਆਂ/ਕਰਮਚਾਰੀਆਂ ਦੇ ਡਿਊਜ਼ ਅਦਾ ਕਰਨ ਲਈ ਪਹਿਲ ਕੀਤੀ ਜਾਵੇ।

18) ਬਜੱਟ ਵਿਚ ਉਪਬੰਧ ਫੰਡਾ ਤੋ ਵੱਧ ਕੋਈ ਵੀ ਵਿਕਾਸ ਦਾ ਕੰਮ ਨਾ ਕਰਵਾਇਆ ਜਾਵੇ ਜਿਸ ਨਾਲ ਦੇਣਦਾਰੀਆ ਵਿਚ ਵਾਧਾ ਹੋਵੇਗਾ।

19) ਸਮੂਹ ਸਥਾਨਕ ਸੰਸਥਾਵਾ ਨੂੰ ਇਹ ਹਦਾਇਤ ਕੀਤੀ ਜਾਦੀ ਹੈ ਕਿ ਉਨਾਂ ਵਲੋ ਜੋ ਵਿਕਾਸ ਦੇ ਕੰਮ ਸੀਵਰੇਜ ਬੋਰਡ ਜਾਂ ਕਿਸੇ ਹੋਰ ਅਦਾਰੇ ਤੋ ਡਿਪਾਜਿਟ ਵਰਕਸ ਦੇ ਅਧੀਨ ਕਰਵਾਏ ਜਾਦੇ ਹਨ ਉਹਨਾਂ ਵਿਭਾਗਾ ਨਾਲ ਜਮਾ ਕਰਵਾਈ ਗਈ ਰਾਸੀ ਦੀ ਰੀਕੰਸੀਲੇਸ਼ਨ ਹਰ ਤਿਮਾਹੀ ਕੀਤੀ ਜਾਵੇ ਅਤੇ ਜਿਸ ਵਿਭਾਗ ਵਲੋ ਵੀ ਕੰਮ ਕੀਤਾ ਜਾ ਰਿਹਾ ਹੈ ਉਸ ਵਿਭਾਗ ਵਲੋ ਕੰਮ ਲੇਟ ਸ਼ੁਰੂ ਕਰਨ, ਮਿਥੇ ਸਮੇ ਅੰਦਰ ਨਾ ਕਰਨ ਅਤੇ ਆਪਣੇ ਪੱਧਰ ਤੇ ਫੰਡਾਂ ਨੂੰ ਕਿਸੇ ਹੋਰ ਕੰਮ ਨੂੰ ਵਰਤਣ ਦੇ ਕਾਰਨ ਸਥਾਨਕ ਸੰਸਥਾ ਨੂੰ ਹੋਏ ਨੁਕਸਾਨ ਬਾਰੇ ਸਬੰਧਤ ਵਿਭਾਗ/ਏਜੰਸੀ ਤੋ ਕਲੇਮ ਕੀਤਾ ਜਾਵੇ।

Scanned with CamScanner

10. JNNURM ਦੀਆ ਸਕੀਮਾਂ ਜਿਵੇ ਕਿ UIG/UIDSSMT/IHSDP/BSUP ਆਦਿ ਜਿਨਾ ਦੀ ਫੰਡਿਗ 50:20:30,70:20:10, 80:10:10 ਆਦਿ ਦੇ ਅਨੁਪਾਤ ਵਿਚ ਕ੍ਰਮਵਾਰ ਕੇਦਰ ਸਰਕਾਰ, ਰਾਜ ਸਰਕਾਰ ਅਤੇ ਸਬੰਧਤ ਯੂ.ਐਲ.ਬੀ ਵਲੋ ਕੀਤੀ ਜਾਦੀ ਹੈ ਅਤੇ ਜਿਨਾਂ ਯੂ.ਐਲ.ਬੀ ਵਿਚ ਅਜਿਹੀਆ ਸਕੀਮਾ ਚਲ ਰਹੀਆ ਹਨ, ਉਹ ਯੂ.ਐਲ.ਬੀ ਅਜਿਹੀਆ ਸਕੀਮਾ ਵਿਚ ਆਪਣੇ ਬਣਦੇ ਹਿਸੇ/ਅਨੁਪਾਤ ਵਜੋ ਲੋੜੀਦੀ ਰਕਮ ਦੀ ਵਿਵਸਥਾ ਬਜੱਟ ਵਿਚ ਕੰਟਨਜੈਸੀ ਹੈਡ ਹੇਠ ਹੋਰ ਖਰਚਿਆਂ ਵਿਚੋ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।
11. ਕੋਈ ਵੀ ਨਵੀ ਪੋਸਟ ਸਰਕਾਰ ਦੀ ਪੂਰਵ ਪ੍ਰਵਾਨਗੀ ਤੋ ਬਿਨਾਂ ਨਾ ਰੱਖੀ ਜਾਵੇ।

ਵਧੀਕ ਡਿਪਟੀ ਕਮਿਸ਼ਨਰ
ਅਰਬਨ ਡਿਵੈਲਪਮੈਟ,
ਅੰਮ੍ਰਿਤਸਰ।

ਪਿੱਠ ਅੰਕਣ ਨੰ:2022/ ਮਿਤੀ-

ਇਸ ਦਾ ਇਕ ਉਤਾਰਾ ਮਾਨਯੋਗ ਡਾਇਰੈਕਟਰ, ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ ਜੀ ਨੂੰ ਸੂਚਨਾਂ ਹਿੱਤ ਭੇਜਿਆ ਜਾਦਾ ਹੈ।

ਵਧੀਕ ਡਿਪਟੀ ਕਮਿਸ਼ਨਰ,
ਅਰਬਨ ਡਿਵੈਲਪਮੈਟ,
ਅੰਮ੍ਰਿਤਸਰ।

Scanned with CamScanner